# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿੱ.) ਬਠਿੰਡਾ

**ਕਮਰਾ ਨੰ. 458, ਤੀਜੀ ਮੰਜਿਲ, ਮਿਨੀ ਸਕੱਤਰੇਤ, ਡਿਪਟੀ ਕਮਿਸ਼ਨਰ ਕੰਪਲੈਕਸ**

(ਸੰਪਰਕ: ਟੈਲੀਫੋਨ ਅਤੇ ਫੈਕਸ 0164-2240025, **misbathinda@punjabeducation.gov.in**)


ਵੱਲ:-

ਸਮੂਹ ਸਕੂਲ ਮੁੱਖੀ,
ਸਪ੍ਰਸ,ਸਮਿਸ,ਸਹਸ,ਸਸਸਸ ਸਕੂਲਜ਼,
ਸਮੂਹ ਬੀ.ਪੀ.ਈ.ਓਜ਼,
ਸਮੂਹ ਬਲਾਕ ਐਮ.ਆਈ.ਐਸ ਕੋਆਰਡੀਨੇਟਰਜ਼,
ਜਿਲਾ ਬਠਿੰਡਾ।

**ਪੱਤਰ ਨੰ: ਐਸ.ਐਸ.ਏ/ਐਮ.ਆਈ.ਐਸ/ਯੂ-ਡਾਇਸ/2017-18/** 6261 **ਮਿਤੀ:08.11.2017**

ਹਵਾਲਾ 1:-13/1-2017/ਐਮ.ਆਈ.ਐਸ/ਯੂ-ਡਾਇਸ/2017/12335 ਮਿਤੀ:ਚੰਡੀਗੜ੍ਹ 07 ਨਵੰਬਰ,2017

**ਵਿਸ਼ਾ:- ਯੂ-ਡਾਈਸ ਸਰਵੇ 2017-18 ਸੰਬੰਧੀ।**

ਉਕਤ ਵਿਸ਼ੇ ਅਤੇ ਹਵਾਲਾ ਪੱਤਰ ਅਧੀਨ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਡਾਇਸ ਸਰਵੇ ਹੋਣ ਜਾ ਰਿਹਾ ਹੈ।ਇਸ ਸਰਵੇ ਦੌਰਾਨ ਸਕੂਲਾਂ ਤੋਂ ਵਿਦਿਆਰਥੀਆਂ, ਅਧਿਆਪਕਾਂ, ਬੁਨਿਆਦੀ ਢਾਂਚੇ ਅਤੇ ਵੱਖ-ਵੱਖ ਸਕੂਲ ਪੱਧਰ ਦੀਆਂ ਗਤੀਵਿਧੀਆਂ ਸੰਬੰਧੀ ਜਾਣਕਾਰੀ ਇਕੱਤਰ ਕੀਤੀਆਂ ਜਾਂਦੀਆ ਹਨ। ਸਮੇਂ ਦੀ ਜ਼ਰੂਰਤ ਨੂੰ ਦੇਖਦੇ ਹੋਏ ਇਸ ਸਾਲ ਯੂਡਾਇਸ ਸਰਵੇ ਨੂੰ ਵੀ ਆਨਲਾਇਨ ਕਰਕੇ ਈ ਪੰਜਾਬ ਸਕੂਲ ਪੋਰਟਲ ਨਾਲ ਲਿੰਕ ਕਰ ਦਿੱਤਾ ਗਿਆ ਹੈ, ਭਾਵ ਸਕੂਲਾਂ ਵਲੋਂ ਈ-ਪੰਜਾਬ ਵੈਬ ਪੋਰਟਲ ਤੇ ਭਰਿਆ ਡਾਟਾ ਪਹਿਲਾਂ ਹੀ ਯੂ-ਡਾਇਸ ਸਰਵੇ ਦੇ ਆਨ-ਲਾਇਨ ਸਾਫਟਵੇਅਰ ਨਾਲ ਜੋੜ ਦਿੱਤਾ ਗਿਆ ਹੈ ਅਤੇ ਇਹ ਡਾਟਾ ਨਾ-ਬਦਲਣਯੋਗ (Non-editable) ਹੈ।ਜੇਕਰ ਕੋਈ ਸਕੂਲ ਯੂ-ਡਾਇਸ ਸਾਫਟਵੇਅਰ ਵਿੱਚ ਭਰੇ ਹੋਏ ਡਾਟਾ ਨੂੰ ਬਦਲਣਾ ਚਾਹੁੰਦਾ ਹੈ ਤਾਂ ਉਹ ਸਕੂਲ ਈਪੰਜਾਬ ਵੈਬ ਪੋਰਟਲ ਉੱਤੇ ਭਰੇ ਡਾਟਾ ਨੂੰ ਸਹੀ ਕਰੇ, ਤਾ ਹੀ ਡਾਟਾ ਬਦਲਿਆ ਜਾ ਸਕਦਾ ਹੈ।ਇਸ ਤੋਂ ਇਲਾਵਾ ਜੋ ਡਾਟਾ ਈ-ਪੰਜਾਬ ਪੋਰਟਲ ਤੇ ਮੌਜੂਦ ਨਹੀਂ ਹੈ, ਉਹ ਆਨਲਾਇਨ ਯੂਡਾਈਸ ਸਾਫਟਵੇਅਰ ਵਿੱਚ ਹੀ ਭਰਿਆ ਜਾ ਸਕੇਗਾ।ਯੂ-ਡਾਈਸ ਸਰਵੇ ਸਾਫਟਵੇਅਰ ਵਿੱਚ ਸਹੀ ਡਾਟਾ ਭਰ ਕੇ ਅਪਰੂਵ ਕਰਨ ਦੀ ਅੰਤਿਮ ਮਿਤੀ 25-11-2017 ਹੈ ।

8/11/17

**ਜ਼ਿਲਾ ਸਿੱਖਿਆ ਅਫਸਰ(ਐ.ਸਿ.)**
**ਬਠਿੰਡਾ।**

8/11/17

**ਜ਼ਿਲਾ ਸਿੱਖਿਆ ਅਫਸਰ(ਸੈ.ਸਿ.)**
**ਬਠਿੰਡਾ।**